# ਨੰਦੂ

ਨੰਦੂ ਛੋਟੀ ਉਮਰ ਦਾ ਬੱਚਾ ਸੀ। ਉਹ ਢਿੱਡ ਦੀ ਅੱਗ ਬੁਝਾਉਣ ਲਈ ਪਹਾੜਾਂ ਵਿਚਲੇ ਆਪਣੇ ਘਰ ਨੂੰ ਛੱਡ ਕੇ ਸ਼ਹਿਰ ਨੌਕਰੀ ਕਰਨ ਆਇਆ ਸੀ। ਉਸਦੇ ਤਿੰਨ ਭਰਾ ਅਤੇ ਚਾਰ ਭੈਣਾਂ ਸਨ। ਉਹ ਹੜਵਾਲ ਦਾ ਰਹਿਣ ਵਾਲਾ ਸੀ। ਉਹ ਬੁੱਢੀ ਔਰਤ ਦੇ ਘਰੋਂ ਨੌਕਰੀ ਛੱਡ ਕੇ ਇੱਕ ਸਰਦਾਰ ਦੇ ਘਰ ਨੌਕਰੀ ਕਰਦਾ ਸੀ। ਸਰਦਾਰ ਲੇਖਿਕਾ ਦਾ ਗੁਆਂਢੀ ਸੀ। ਸਰਦਾਰ ਦੇ ਘਰ ਕੰਮ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਦੀ ਰੀਸ ਕਰਦਾ ਹੈ। ਵਾਲ ਵਧਾ ਕੇ ਦਸਤਾਰ ਬੰਨਦਾ ਹੈ ਗੁਰੂ ਜੀ ਦੀ ਤਸਵੀਰ ਸੰਭਾਲ ਕੇ ਰੱਖਦਾ ਹੈ। ਉਹ ਅੰਦਰੋਂ ਡਰਦਾ ਸੀ ਕਿ ਉਸਨੂੰ ਕੋਈ ਪਛਾਣ ਕੇ ਵਾਪਿਸ ਪਿੰਡ ਨਾ ਲੈ ਜਾਵੇ। ਸਰਦਾਰ ਦੇ ਘਰ ਉਸਨੇ ਕੁਝ ਪੈਸੇ ਜੋੜ ਕੇ ਇੱਕ (ਸੰਦਰ ਗੁਟਕਾ) ਵੀ ਖਰੀਦਿਆ। ਕੁਝ ਸਮੇਂ ਬਾਅਦ ਉਸਦੇ ਕੰਨਾਂ ਪਿੱਛੇ ਗਿਲਟੀਆਂ ਹੋ ਗਈਆਂ ਤਾਂ ਸਰਦਾਰ ਨੇ ਉਸਨੂੰ (ਨੌਕਰੀ ਤੋਂ) ਕੱਢ ਦਿੱਤਾ। ਉਹ ਆਪਣਾ ਸਮਾਨ ਲੇਖਿਕਾ ਦੇ ਘਰ ਰੱਖ ਕੇ ਚਲਾ ਗਿਆ। ਦੋ ਸਾਲ ਬਾਅਦ ਨੰਦੂ ਵਾਪਿਸ ਘਰ ਆਇਆ। ਉਹ ਬਹੁਤ ਪਤਲਾ ਹੋ ਗਿਆ ਸੀ। ਥੋੜ੍ਹਾ ਲੰਮਾ ਵੀ ਹੋ ਗਿਆ ਸੀ। ਉਸ ਕੋਲ ਕ੍ਰਿਸ਼ਨ ਜੀ ਦੀ ਫੋਟੋ ਵੀ ਸੀ। ਉਹ ਹਿੰਦੀ ਬੋਲਣ ਲੱਗ ਪਿਆ ਸੀ। ਹੁਣ ਉਹ ਕਿਸੇ ਮਦਰਾਸੀ ਦੇ ਘਰ ਨੌਕਰੀ ਕਰਦਾ ਸੀ। ਪਹਿਲਾਂ ਉਸ ਨੂੰ ਮਦਰਾਸੀ ਦੇ ਘਰ ਖਾਣਾ ਖਾਣ ਵਿੱਚ ਮੁਸ਼ਕਿਲ ਹੋਈ ਪਰ ਆਦਤ ਪੈ ਗਈ। ਲੇਖਿਕਾ ਨੇ ਉਸਨੂੰ ਵੇਖ ਕੇ ਸੋਚਿਆ ਕਿ ਢਿੱਡ ਦੀ ਭੁੱਖ ਦਾ ਕੋਈ ਧਰਮ ਨਹੀਂ ਹੁੰਦਾ।

ਕਿਰਿਆਵਾਂ –

ਜਾਣ ਪਛਾਣ

1) ਕੀ ਦਸ (10) ਸਾਲ ਦੇ ਬੱਚੇ ਨੂੰ ਨੌਕਰੀ ਕਰਨੀ ਚਾਹੀਦੀ ਹੈ?
2) ਬਾਰਾਂ (12) ਸਾਲ ਦੇ ਬੱਚੇ ਲਈ ਸਭ ਤੋਂ ਜਰੂਰੀ ਕੰਮ ਕੀ ਹੈ?
3) ਇੱਕ ਬੱਚਾ ਨੌਕਰੀ ਕਿਉਂ ਕਰਦਾ ਹੈ?
4) ਕੀ ਬੱਚਿਆਂ ਦਾ ਨੌਕਰੀ ਕਰਨਾ ਠੀਕ ਹੈ?
5) ਕੀ ਤੁਹਾਨੂੰ ਆਪਣੇ ਮਾਤਾ-ਪਿਤਾ ਨਾਲ ਘਰ ਵਿੱਚ ਕੰਮ ਕਰਨਾ ਚਾਹੀਦਾ ਹੈ?

ਸਮਾਨ ਅਰਥੱਕ ਸ਼ਬਦ

1) ਢਿੱਡ ਦੀ ਅੱਗ ਬੁਝਾਉਣਾ
2) ਭੁੱਖ ਮਿਟਾਉਣਾ